ਵੱਲੋ ਜ਼ਿਲਾ ਕੰਟਰੋਲਰ
ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ,ਲੁਧਿਆਣਾ (ਈਸਟ)।

1) Inspection Report

ਸੇਵਾ ਵਿੱਚ
1. ਕਾਰਜਕਾਰੀ ਇੰਜਨੀਅਰ (ਪਰੋਵਿੰਸੀਅਲ ਡਵੀਜਨ),ਲੁਧਿਆਣਾ, (ਸਮੇਤ ਨਕਸ਼ਾ) ।
2. ਐਸ.ਡੀ.ਐਮ,ਲੁਧਿਆਣਾ (ਪੂਰਬੀ) (ਸਮੇਤ ਨਕਸ਼ਾ)
3. ਜ਼ਿਲਾ ਨਗਰ ਯੋਜਨਾਕਾਰ,ਲੁਧਿਆਣਾ, (ਸਮੇਤ ਨਕਸ਼ਾ) ।
4. ਖੁਰਾਕ ਅਤੇ ਸਪਲਾਈਜ ਅਫਸਰ,ਲੁਧਿਆਣਾ (ਸਮੇਤ ਨਕਸ਼ਾ)।
5. ਮੁੱਖ ਖੇਤੀਬਾੜੀ ਅਫਸਰ,ਲੁਧਿਆਣਾ, (ਸਮੇਤ ਨਕਸ਼ਾ) ।
6. ਕਮਿਸ਼ਨਰ ਆਫ ਪੁਲਿਸ,ਲੁਧਿਆਣਾ। (ਸਮੇਤ ਨਕਸ਼ਾ)।
7. ਜ਼ਿਲਾ ਵਿਕਾਸ ਤੇ ਪੰਚਾਇਤ ਅਫਸਰ, ਲੁਧਿਆਣਾ (ਸਮੇਤ ਨਕਸ਼ਾ)।
8. ਆਡੀਸ਼ਨਲ ਚੀਫ ਐਡਮਨਿਸਟ੍ਰੇਟਿਵ ਗਲਾਡਾ,ਲੁਧਿਆਣਾ (ਸਮੇਤ ਨਕਸ਼ਾ)।
9. ਜ਼ਿਲਾ ਫਾਇਰ ਅਫਸਰ,ਲੁਧਿਆਣਾ (ਸਮੇਤ ਨਕਸ਼ਾ)
10. ਜ਼ਿਲਾ ਵਣ ਵਿਭਾਗ ਅਫਸਰ,ਲੁਧਿਆਣਾ (ਸਮੇਤ ਨਕਸ਼ਾ)।
11. ਪੰਜਾਬ ਪਲਿਊਸ਼ਨ ਕੰਟਰੋਲ ਬੋਰਡ,ਲੁਧਿਆਣਾ (ਸਮੇਤ ਨਕਸ਼ਾ)।

ਮੀਮੋ ਨੰ:ਪੀ.ਪੀ. (ਈਸਟ)-2015/ 68 ਮਿਤੀ 05/1/15

ਵਿਸ਼ਾ: ਪਿੰਡ ਕਟਾਣੀ ਕਲਾਂ ਵਿਖੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮ :ਦਾ ਰੀਟੇਲ ਆਉਟਲੈਟ ਲਾਉਣ ਬਾਰੇ ਇਤਰਾਜਹੀਣਤਾ ਸਰਟੀਫਿਕੇਟ।

ਹਵਾਲਾ ਮਾਨਯੋਗ ਜ਼ਿਲਾ ਮੈਜਿਸਟਰੇਟ, ਲੁਧਿਆਣਾ ਜੀ ਦੇ ਪੱਤਰ ਪਿੱਠ ਅੰਕਣ ਨੰ:12586-87/ਐਮ.ਏ ਮਿਤੀ 29-12-2014 ਉਪਰੋਕਤ ਵਿਸੇ ਦੇਂ ਸੰਬੰਧ ਵਿੱਚ।

ਆਪ ਜੀ ਨੂੰ ਵਿਸ਼ਾ ਅਧੀਨ ਪਾਰਟੀ ਦੀ ਜਗ੍ਹਾਂ ਦਾ ਨਕਸ਼ਾ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਮੌਕੇ ਦੀ ਪੜਤਾਲ ਕਰਨ ਉਪਰੰਤ ਸੱਤ ਦਿਨਾਂ ਦੇ ਅੰਦਰ-ਅੰਦਰ ਉੱਕਤ ਜਗ੍ਹਾਂ ਵਿਖੇ ਆਈ.ਓ.ਸੀ.ਐਲ ਕੰਪਨੀ ਦਾ ਪੈਟਰੋਲ ਪੰਪ ਲਗਾਉਣ ਸਬੰਧੀ ਐਨ.ਓ.ਸੀ ਜਾਰੀ ਕਰਨ ਹਿੱਤ ਆਪਣੀ ਰਿਪੋਰਟ ਇਸ ਦਫਤਰ ਵਿੱਚ ਭੇਜੋ ਤਾਂ ਜੋ ਇਹ ਰਿਪੋਰਟ ਅੱਗੇ ਮਾਨਯੋਗ ਜ਼ਿਲਾ ਮੈਜਿਸਟਰੇਟ,ਲੁਧਿਆਣਾ ਜੀ ਨੂੰ ਭੇਜੀ ਜਾ ਸਕੇ।ਇਸ ਸਬੰਧੀ ਐਨ.ਓ.ਸੀ ਜਾਰੀ ਕਰਨ ਬਾਰੇ ਸ਼ਪਸ਼ਟ ਕਰਨ ਦੀ ਖੇਚਲ ਕੀਤੀ ਜਾਵੇ ਕਿ ਉੱਕਤ ਜਗ੍ਹਾਂ ਵਿਖੇ ਐਨ.ਓ.ਸੀ ਜਾਰੀ ਕਰਨ ਦੀ ਸਿਫਾਰਿਸ ਕਰਦੇ ਹੋ ਜਾਂ ਨਹੀ ?

ਇਸ ਤੋ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਸਾਈਟ ਦੇ ਸਬੰਧ ਵਿੱਚ ਸ਼੍ਰੀ ਹਰਦੀਪ ਸਿੰਘ ਮਾਲਕ ਮੈਸ :ਰੂੜ ਸਿੰਘ ਐਡ ਸੰਨਜ,ਕਟਾਣੀ ਕਲਾਂ,ਲੁਧਿਆਣਾ ਵੱਲੋ ਸ਼ਿਕਾਇਤ ਪ੍ਰਾਪਤ ਹੋਈ ਹੈ ਕਿ ਉੱਕਤ ਪੈਟਰੋਲ ਪੰਪ ਦਾ ਫਾਸਲਾ ਉਸਦੇ ਭੱਠੇ ਤੋ 40 ਮੀਟਰ ਦਾ ਹੈ।ਆਪ ਨੂੰ ਸ਼ਿਕਾਇਤ ਦੀ ਫੋਟੋਕਾਪੀ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੇ ਕਿ ਉੱਕਤ ਐਨ.ਓ.ਸੀ ਜਾਰੀ ਕਰਨ ਸਮੇ ਇਸ ਸ਼ਿਕਾਇਤ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਨੱਥੀ:ਉੱਕਤ ਅਨੁਸਾਰ।

ਜ਼ਿਲਾ ਕੰਟਰੋਲਰ
ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ,ਲੁਧਿਆਣਾ (ਈਸਟ)।

ਪਿੱਠ ਅੰਕਣ ਨੰ:ਪੀ.ਪੀ.(ਈਸਟ)-2015/ ਮਿਤੀ

ਉਪਰੋਕਤ ਦਾ ਉਤਾਰਾ ਮਾਨਯੋਗ ਜ਼ਿਲਾ ਮੈਜਿਸਟਰੇਟ,ਲੁਧਿਆਣਾ ਜੀ ਨੂੰ ਉਨ੍ਹਾਂ ਦੇ ਪੱਤਰ ਪਿੱਠ ਅੰਕਣ ਨੰ:12586-87/ਐਮ.ਏ ਮਿਤੀ 29-12-2014 ਦੇ ਸੰਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

VARUN VERMA
ASST. MGR. (RETAIL SALES)
LUDHIANA-III R.S.A.
INDIAN OIL CORPORATION LTD.

ਜ਼ਿਲਾ ਕੰਟਰੋਲਰ
ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ,ਲੁਧਿਆਣਾ (ਈਸਟ)।